# ਪੰਜਾਬ ਦੇ ਸੁਖਜੀਤ ਸਮੇਤ 24 ਲੇਖਕਾਂ ਦਾ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨ

## ਸੁਖਜੀਤ ਨੂੰ ਮਿੰਨੀ ਕਹਾਣੀਆਂ ਦੀ ਕਿਤਾਬ 'ਮੈਂ ਅਯਨਘੋਸ਼ ਨਹੀਂ' ਲਈ ਮਿਲਿਆ ਵੱਕਾਰੀ ਸਨਮਾਨ

ਨਵੀਂ ਦਿੱਲੀ, 11 ਮਾਰਚ (ਜਗਤਾਰ ਸਿੰਘ)-39ਵੇਂ 'ਫੈਸਟੀਵਲ ਆਫ ਲੈਟਰਸ' ਦੇ ਉਦਘਾਟਨੀ ਸਮਾਗਮ ਦੌਰਾਨ ਇਥੇ ਪੰਜਾਬ ਦੇ ਸੁਖਜੀਤ ਸਮੇਤ ਵੱਖ-ਵੱਖ ਭਾਰਤੀ ਭਾਸ਼ਾਵਾਂ ਦੇ 24 ਲੇਖਕਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ 2022 ਨਾਲ ਸਨਮਾਨਿਤ ਕੀਤਾ ਗਿਆ। ਕਮਾਨੀ ਆਡੀਟੋਰੀਅਮ 'ਚ ਹੋਏ ਸਮਾਰੋਹ ਦੌਰਾਨ ਵੱਕਾਰੀ ਸਾਹਿਤਕ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ 'ਚ ਹਿੰਦੀ ਲੇਖਕ ਬਦਰੀ ਨਰਾਇਣ ਤੇ ਅੰਗਰੇਜ਼ੀ ਲੇਖਿਕ ਅਨੁਰਾਧਾ ਰਾਏ ਵੀ ਸ਼ਾਮਿਲ ਸਨ। ਸੁਖਜੀਤ ਨੂੰ ਮਿੰਨੀ ਕਹਾਣੀਆਂ ਦੀ ਕਿਤਾਬ 'ਮੈਂ ਅਯਨਘੋਸ਼ ਨਹੀਂ', ਬਦਰੀ ਨਰਾਇਣ ਨੂੰ 'ਤੁਮਾੜੀ ਕੇ ਸ਼ਬਦ' ਸਿਰਲੇਖ ਵਾਲੇ ਕਵਿਤਾਵਾਂ ਦੇ ਸੰਗ੍ਰਹਿ ਅਤੇ ਅਨੁਰਾਧਾ ਰਾਏ ਨੂੰ ਅੰਗਰੇਜ਼ੀ 'ਚ ਉਸ ਦੇ ਨਾਵਲ 'ਆਲ ਦਿ ਲਾਈਵਜ਼ ਵੀ ਨੇਵਰ ਲਿਵਡ' ਲਈ ਸਨਮਾਨਿਤ ਕੀਤਾ ਗਿਆ। ਪੁਰਸਕਾਰਾਂ 'ਚ ਸੱਤ ਕਾਵਿ ਸੰਗ੍ਰਹਿ, ਸੱਤ ਨਾਵਲ, ਦੋ ਕਹਾਣੀ ਸੰਗ੍ਰਹਿ, ਦੋ ਸਾਹਿਤਕ ਆਲੋਚਨਾ, ਤਿੰਨ ਨਾਟਕ ਅਤੇ ਇਕ ਸਵੈ-ਜੀਵਨੀ ਸ਼ਾਮਲ ਹੈ। ਹੋਰ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ 'ਚ ਮਨੋਜ ਕੁਮਾਰ ਗੋਸਵਾਮੀ (ਅਸਾਮੀ), ਤਪਨ ਬੰਦੋਪਾਧਿਆਏ (ਬੰਗਾਲੀ), ਰਸ਼ਮੀ ਚੌਧਰੀ (ਬੋਡੋ), ਵੀਨਾ ਗੁਪਤਾ (ਡੋਗਰੀ), ਗੁਲਾਮ ਮੁਹੰਮਦ ਸ਼ੇਖ (ਗੁਜਰਾਤੀ), ਮੁਦਨਾਕੁਡੂ ਚਿੰਨਾਸਵਾਮੀ (ਕੰਨੜ), ਫਾਰੂਕ ਫਯਾਜ਼ (ਕਸ਼ਮੀਰੀ), ਮਾਇਆ ਅਨਿਲ ਖਰੰਗਟੇ (ਕੋਂਕਣੀ), ਅਜੀਤ ਆਜ਼ਾਦ (ਮੈਥਿਲੀ), ਐਮ. ਥਾਮਸ ਮੈਥਿਊ (ਮਲਿਆਲਮ), ਮਨੀਪੁਰੀ ਲੇਖਕ ਕੋਇਜਮ ਸ਼ਾਂਤੀਬਾਲਾ ਦੇਵੀ, ਕੇ.ਬੀ. ਨੇਪਾਲੀ (ਨੇਪਾਲੀ), ਪ੍ਰਵੀਨ ਦਸ਼ਰਥ ਬਾਂਡੇਕਰ (ਮਰਾਠੀ), ਗਾਇਤਰੀਬਾਲਾ ਪਾਂਡਾ (ਉੜੀਆ), ਜਨਾਰਦਨ ਪ੍ਰਸਾਦ ਪਾਂਡੇ 'ਮਣੀ' (ਸੰਸਕ੍ਰਿਤ), ਕਮਲ ਰੰਗਾ (ਰਾਜਸਥਾਨੀ), ਜਗਨਨਾਥ ਸੋਰੇਨ (ਸੰਤਾਲੀ), ਕਨ੍ਹਈਆਲਾਲ ਲੇਖਵਾਨੀ (ਸਿੰਧੀ), ਐਮ. ਰਾਜੇਂਦਰਨ (ਤਾਮਿਲ), ਮਧੁਰੰਤਕਾਮ ਨਰਿੰਦਰ (ਤੇਲਗੂ) ਅਤੇ ਅਨੀਸ ਅਸ਼ਫਾਕ (ਉਰਦੂ) ਸ਼ਾਮਿਲ ਸਨ। ਪੁਰਸਕਾਰ ਜੇਤੂਆਂ ਨੂੰ 1 ਲੱਖ ਰੁਪਏ ਨਕਦ, ਇਕ ਉੱਕਰੀ ਹੋਈ ਤਾਂਬੇ ਦੀ ਤਖ਼ਤੀ ਅਤੇ ਇਕ ਸ਼ਾਲ ਦਿੱਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ, ਅੰਗਰੇਜ਼ੀ ਲੇਖਕ ਅਤੇ ਲੇਖਕ ਉਪਮਨਿਊ ਚੈਟਰਜੀ ਨੇ ਲੇਖਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਹਿਤ ਅਕਾਦਮੀ ਦੀ ਬਹੁਲਤਾ ਨੂੰ ਘੱਟ ਨਾ ਹੋਣ ਦੇਣਾ ਹਰ ਲੇਖਕ ਦਾ ਫਰਜ਼ ਹੈ।




ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਕਰਦੇ ਹੋਏ ਪੰਜਾਬੀ ਲੇਖਕ ਸੁਖਜੀਤ। ਅਜੀਤ ਤਸਵੀਰ

## ਗੁਜਰਾਤ ਵਿਚ ਦੋ ਸਾਲਾਂ 'ਚ 4 ਹਜ਼ਾਰ ਕਰੋੜ ਤੋਂ ਵੱਧ ਦੇ ਨਸ਼ੀਲੇ ਪਦਾਰਥ ਬਰਾਮਦ

ਗਾਂਧੀਨਗਰ, 11 ਮਾਰਚ (ਏਜੰਸੀ)-ਗੁਜਰਾਤ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ 31 ਦਸੰਬਰ 2022


ਅਜੀਤ ®©
12-Mar-2023
Page: 2
http://epaper.ajitjalandhar.com/edition/20230312/22/2.cms